# *CELEBRATED WORLD CANCER DAY*

ਰੋਜ਼ਾਨਾ ਸਪੋਕਸਮੈਨ

# ਕਾਲਜ ਵਿਖੇ ਮਨਾਇਆ ਗਿਆ ਵਿਸ਼ਵ ਕੈਂਸਰ ਦਿਵਸ-2020




ਪਟਿਆਲਾ, 4 ਫ਼ਰਵਰੀ (ਸੁਧੀਰ ਪਾਹੂਜਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ ਅੱਜ 'ਵਿਸ਼ਵ ਕੈਂਸਰ ਦਿਵਸ-2020' ਲਈ ਨਿਰਧਾਰਿਤ ਥੀਮ 'ਆਈ ਐਮ ਐਂਡ ਆਈ ਵਿੱਲ' ਨੂੰ ਸਮਰਪਿਤ ਇੱਕ ਰੋਜ਼ਾ ਜਾਗਰੂਕਤਾ ਦਿਹਾੜੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਉਚੇਚੇ ਤੌਰ ਤੇ ਜ਼ਿਲ੍ਹਾ ਸਿਹਤ ਵਿਭਾਗ, ਪਟਿਆਲਾ ਦੇ ਮਾਹਿਰਾਂ ਦੀ ਟੀਮ ਨੇ ਸ਼ਮੂਲੀਅਤ ਕੀਤੀ।

ਇਸ ਪ੍ਰੋਗਰਾਮ ਦਾ ਉਦੇਸ਼ ਕੈਂਸਰ ਖਿਲਾਫ਼ ਵਿਸ਼ਵ ਪੱਧਰ ਤੇ ਜਾਰੀ ਸਾਲ-ਦਰ-ਸਾਲ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣਨ ਦੇ ਨਾਲ-ਨਾਲ ਆਮ ਜਨਤਾ ਵਿੱਚ ਕੈਂਸਰ ਦੇ ਮੁੱਢਲੇ ਲੱਛਣਾਂ ਨੂੰ ਪਹਿਚਾਨਣ ਅਤੇ ਪਹਿਲੀਆਂ ਸਟੇਜਾਂ ਤੇ ਇਲਾਜ ਨੂੰ ਸੰਭਵ ਬਣਾਉਣ ਸਬੰਧੀ ਲੋੜੀਂਦੀ ਜਾਗਰੂਕਤਾ ਪ੍ਰਦਾਨ ਕਰਨਾ ਸੀ। ਇਸ ਮੌਕੇ ਤੇ ਮਾਹਿਰਾਂ ਦੀ ਟੀਮ ਜਿਸ ਵਿੱਚ ਡਾ. ਹਰੀਸ਼ ਮਲਹੋਤਰਾ, ਸਿਵਲ ਸਰਜਨ, ਪਟਿਆਲਾ, ਡਾ. ਅੰਜਨਾ ਗੁਪਤਾ, ਸੀਨੀਅਰ ਮੈਡੀਕਲ ਅਫ਼ਸਰ, ਤ੍ਰਿਪੜੀ, ਪਟਿਆਲਾ, ਡਾ. ਸੁਖਵਿੰਦਰ ਸਿੰਘ, ਐਸਿਸਟੈਂਟ ਹੈਲਥ ਅਫ਼ਸਰ, ਪਟਿਆਲਾ, ਡਾ. ਜਤਿੰਦਰ ਕਾਂਸਲ, ਜ਼ਿਲ੍ਹਾ ਨੋਡਲ ਅਧਿਕਾਰੀ ਅਤੇ ਸ੍ਰੀ ਕ੍ਰਿਸ਼ਨ ਕੁਮਾਰ, ਮੀਡੀਆ ਇੰਚਾਰਜ, ਸਿਵਲ ਸਰਜਨ ਦਫ਼ਤਰ, ਪਟਿਆਲਾ ਸ਼ਾਮਿਲ ਸਨ, ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕੈਂਸਰ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੈਡੀਕਲ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਿਹਤ ਮਾਹਿਰਾਂ ਅਤੇ ਸਮਾਜ ਨੂੰ ਮਿਲ-ਜੁਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹ।

# ਪਟਿਆਲਾ ਬਾਣੀ




*ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਵਿਸ਼ਵ ਕੈਂਸਰ ਦਿਵਸ' ਮੌਕੇ ਕਾਲਜ ਅਤੇ ਸਿਹਤ ਮਾਹਿਰਾਂ ਦੀ ਟੀਮ ਵਿਦਿਆਰਥੀਆਂ ਨਾਲ ਕੈਂਸਰ ਰੋਕਣ ਦੇ ਉਪਰਾਲਿਆਂ ਲਈ ਸੰਦੇਸ਼ ਜਾਰੀ ਕਰਦੀ ਹੋਈ।* (ਜੋਸਨ)

ਪਟਿਆਲਾ, 5 ਫਰਵਰੀ (ਜੋਸਨ)- ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵੱਲੋਂ 'ਵਿਸ਼ਵ ਕੈਂਸਰ ਦਿਵਸ-2020' ਲਈ ਨਿਰਧਾਰਤ ਥੀਮ 'ਆਈ. ਐੱਮ. ਐਂਡ ਆਈ. ਵਿੱਲ' ਨੂੰ ਸਮਰਪਤ ਇਕ ਰੋਜ਼ਾ ਜਾਗਰੂਕਤਾ ਦਿਹਾੜੇ ਦਾ ਆਯੋਜਨ ਕੀਤਾ ਗਿਆ। ਇਸ ਵਿਚ ਉਚੇਚੇ ਤੌਰ 'ਤੇ ਜ਼ਿਲਾ ਸਿਹਤ ਵਿਭਾਗ ਪਟਿਆਲਾ ਦੇ ਮਾਹਿਰਾਂ ਦੀ ਟੀਮ ਨੇ ਸ਼ਮੂਲੀਅਤ ਕੀਤੀ। ਇਸ ਦਾ ਉਦੇਸ਼ ਕੈਂਸਰ ਖਿਲਾਫ਼ ਵਿਸ਼ਵ ਪੱਧਰ 'ਤੇ ਜਾਰੀ ਸਾਲ-ਦਰ-ਸਾਲ ਜਾਗਰੂਕਤਾ ਮੁਹਿਮ ਦਾ ਹਿੱਸਾ ਬਣਨ ਦੇ ਨਾਲ-ਨਾਲ ਆਮ ਜਨਤਾ 'ਚ ਕੈਂਸਰ ਦੇ ਮੁਢਲੇ ਲੱਛਣਾਂ ਨੂੰ ਪਛਾਣਨ ਅਤੇ ਪਹਿਲੀ ਸਟੇਜ 'ਤੇ ਇਲਾਜ ਨੂੰ ਸੰਭਵ ਬਣਾਉਣ ਸਬੰਧੀ ਲੋੜੀਂਦੀ ਜਾਗਰੂਕਤਾ ਪ੍ਰਦਾਨ ਕਰਨਾ ਸੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੈਡੀਕਲ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਿਹਤ ਮਾਹਿਰਾਂ ਅਤੇ ਸਮਾਜ ਨੂੰ ਮਿਲ-ਜੁਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ ਤਾਂ ਕਿ ਕੈਂਸਰ ਨੂੰ ਸ਼ੁਰੂ ਨੱਪਿਆ ਜਾ ਸਕੇ। ਇਸ ਮੌਕੇ ਮਾਹਿਰਾਂ ਦੀ ਟੀਮ 'ਚ ਡਾ. ਹਰੀਸ਼ ਮਲਹੋਤਰਾ, ਸਿਵਲ ਸਰਜਨ ਪਟਿਆਲਾ, ਡਾ. ਅੰਜਨਾ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਤ੍ਰਿਪੜੀ (ਪਟਿਆਲਾ), ਡਾ. ਸੁਖਵਿੰਦਰ ਸਿੰਘ, ਅਸਿਸਟੈਂਟ ਹੈਲਥ ਅਫ਼ਸਰ ਪਟਿਆਲਾ, ਡਾ. ਜਤਿੰਦਰ ਕਾਂਸਲ, ਜ਼ਿਲਾ ਨੋਡਲ ਅਧਿਕਾਰੀ ਅਤੇ ਕ੍ਰਿਸ਼ਨ ਕੁਮਾਰ, ਮੀਡੀਆ ਇੰਚਾਰਜ, ਸਿਵਲ ਸਰਜਨ ਦਫ਼ਤਰ ਪਟਿਆਲਾ ਸ਼ਾਮਲ ਸਨ, ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕੈਂਸਰ ਸਬੰਧੀ ਵਿਚਾਰ-ਵਟਾਂਦਰਾ ਕੀਤਾ।

दैनिक जागरण लुधियाना/पटियाला, 5 फरवरी 2020




कैंसर दिवस के अवसर पर करवाए प्रोग्राम के दौरान सिविल सर्जन डॉ. हरीश मल्होत्रा के साथ रैली निकालते सेहत विभाग व कॉलेज के अधिकारी • जागरण

# कैंसर के लक्षणों के बारे में दी जानकारी

**जागरण संवाददाता, पटियाला** : कैंसर से डरने की जरूरत नहीं, बल्कि उसका समय पर इलाज करवाने की जरूरत है। सेहत विभाग ने मोदी कॉलेज में विश्व कैंसर दिवस का आयोजन किया, जिसमें सिविल सर्जन डॉ. हरीश मल्होत्रा के सात जिला नोडल अफसर कैंसर कार्यक्रम डॉ. जतिंदर कांसल सहायक सेहत अफसर, डॉ. सुखमिंदर सिंह, सीनियर मेडिकल अफसर डॉ. अंजना गुप्ता ने शिरकत की। डॉ. हरीश मल्होत्रा ने कहा कि कैंसर की बीमारी का प्राथमिक स्टेज पर ही जांच करवाकर इलाज शुरू किया जा सकता है। कैंसर के लक्षणों की जानकारी देते उन्होंने कहा कि छाती या शरीर में गांठ बनना, महावारी दौरान बहुत ज्यादा खून आना, शौच के समय बिना दर्द के रक्त आना आदि लक्षण हैं। इस दौरान पोस्टर मेकिंग और स्लोगन राइटिंग मुकाबले में पहला और दूसरा स्थान हासिल करने वाले विद्यार्थियों को सम्मानित किया गया। इस अवसर पर वाइस प्रिंसिपल प्रोफेसर शलिंदर सिद्धू, डॉ. राजीव शर्मा, डॉ. गगनप्रीत, कृष्ण कुमार के साथ स्टूडेंट मौजूद रहे।

www.dainiksaveratimes.com
जालंधर, बुधवार, 5 फरवरी 2020

# मोदी कालेज में मनाया विश्व कैंसर दिवस-2020



मोदी कालेज में मनाए गए विश्व कैंसर दिवस-2020का दृश्य।

**पटियाला (बलविंदर) :** मोदी कालेज द्वारा विश्व कैंसर दिवस 2020 के लिए निर्धारित थीम आई.एम.एंड.आई विल को समर्पित जागरूकता दिवस का आयोजन किया, जिसमें विशेष तौर पर जिला सेहत विभाग पटियाला के माहिरों की टीम ने शिरकत की। प्रोग्राम का उद्देश्य कैंसर खिलाफ विश्व स्तर पर जारी साल दर साल जागरूकता मुहिम का हिस्सा बनने के साथ-साथ आम जनता में कैंसर के प्राथमिक लक्षणों को पहचानने और पहली स्टेजों पर उपचार को संभव बनाने संबंधी जरूरी जागरूकता प्रदान करना था। माहिरों की टीम में सिविल सर्जन डा. हरीश मल्होत्रा, डा. अंजना गुप्ता, डा. सुखविंदर सिंह, डा. जतिंदर कंसल ने विद्यार्थियों और अध्यापकों के साथ कैंसर संबंधी विचार विमर्श किया।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਬੁੱਧਵਾਰ, 5 ਫਰਵਰੀ 2020)

# ਮੋਦੀ ਕਾਲਜ ਵਿਖੇ ਮਨਾਇਆ ਵਿਸ਼ਵ ਕੈਂਸਰ ਦਿਵਸ




ਪਟਿਆਲਾ, 4 ਫਰਵਰੀ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ ਅੱਜ 'ਵਿਸ਼ਵ ਕੈਂਸਰ ਦਿਵਸ-2020' ਲਈ ਨਿਰਧਾਰਿਤ ਥੀਮ 'ਆਈ ਐਮ ਐਂਡ ਆਈ ਵਿੱਲ' ਨੂੰ ਸਮਰਪਿਤ ਇੱਕ ਰੋਜ਼ਾ ਜਾਗਰੂਕਤਾ ਦਿਹਾੜੇ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਉਚੇਚੇ ਤੌਰ 'ਤੇ ਜ਼ਿਲ੍ਹਾ ਸਿਹਤ ਵਿਭਾਗ, ਪਟਿਆਲਾ ਦੇ ਮਾਹਿਰਾਂ ਦੀ ਟੀਮ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਕੈਂਸਰ ਖਿਲਾਫ਼ ਵਿਸ਼ਵ ਪੱਧਰ 'ਤੇ ਜਾਰੀ ਸਾਲ-ਦਰ-ਸਾਲ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣਨ ਦੇ ਨਾਲ-ਨਾਲ ਆਮ ਜਨਤਾ ਵਿੱਚ ਕੈਂਸਰ ਦੇ ਮੁੱਢਲੇ ਲੱਛਣਾਂ ਨੂੰ ਪਹਿਚਾਨਣ ਅਤੇ ਪਹਿਲੀਆਂ ਸਟੇਜਾਂ 'ਤੇ ਇਲਾਜ ਨੂੰ ਸੰਭਵ ਬਣਾਉਣ ਸਬੰਧੀ ਲੋੜੀਂਦੀ ਜਾਗਰੂਕਤਾ ਪ੍ਰਦਾਨ ਕਰਨਾ ਸੀ। ਇਸ ਮਕੇ 'ਤੇ ਮਾਹਿਰਾਂ ਦੀ ਟੀਮ ਜਿਸ ਵਿੱਚ ਡਾ. ਹਰੀਸ਼ ਮਲਹੋਤਰਾ, ਸਿਵਲ ਸਰਜਨ, ਪਟਿਆਲਾ, ਡਾ. ਅੰਜਨਾ ਗੁਪਤਾ, ਸੀਨੀਅਰ ਮੈਡੀਕਲ ਅਫ਼ਸਰ, ਤ੍ਰਿਪੜੀ, ਪਟਿਆਲਾ, ਡਾ. ਸੁਖਵਿੰਦਰ ਸਿੰਘ, ਐਸਿਸਟੈਂਟ ਹੈਲਥ ਅਫ਼ਸਰ, ਪਟਿਆਲਾ, ਡਾ. ਜਤਿੰਦਰ ਕਾਂਸਲ, ਜ਼ਿਲ੍ਹਾ ਨੋਡਲ ਅਧਿਕਾਰੀ ਅਤੇ ਸ੍ਰੀ ਕ੍ਰਿਸ਼ਨ ਕੁਮਾਰ, ਮੀਡੀਆ ਇੰਚਾਰਜ, ਸਿਵਲ ਸਰਜਨ ਦਫ਼ਤਰ, ਪਟਿਆਲਾ ਸ਼ਾਮਲ ਸਨ, ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕੈਂਸਰ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੈਡੀਕਲ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਿਹਤ ਮਾਹਿਰਾਂ ਅਤੇ ਸਮਾਜ ਨੂੰ ਮਿਲ-ਜੁਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ ਤਾਂ ਕਿ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨੂੰ ਜੜ੍ਹ ਵਿੱਚ ਹੀ ਨੱਪਿਆ ਜਾ ਸਕੇ। ਡਾ. ਅੰਜਨਾ ਗੁਪਤਾ, ਸੀਨੀਅਰ ਮੈਡੀਕਲ ਅਫ਼ਸਰ ਨੇ ਇਸ ਮੌਕੇ 'ਤੇ ਔਰਤਾਂ ਵਿੱਚ ਪਾਏ ਜਾਂਦੇ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦੇ ਕਾਰਨਾਂ, ਰੋਕਥਾਮ ਅਤੇ ਇਲਾਜ-ਪੱਧਤੀਆਂ 'ਤੇ ਚਾਨਣਾ ਪਾਇਆ। ਡਾ. ਸੁਖਵਿੰਦਰ ਸਿੰਘ, ਅਸਿਸਟੈਂਟ ਸਿਹਤ ਅਧਿਕਾਰੀ ਨੇ ਵਿਦਿਆਰਥੀਆਂ ਨੂੰ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੇ ਕੈਂਸਰਾਂ ਬਾਰੇ ਜਾਣਕਾਰੀ ਦਿੰਦਿਆਂ ਹਰ ਤਰ੍ਹਾਂ ਦੇ ਨਸ਼ੇ ਨੂੰ ਘਾਤਕ ਦੱਸਿਆ। ਡਾ. ਜਤਿੰਦਰ ਕਾਂਸਲ, ਜ਼ਿਲ੍ਹਾ ਨੋਡਲ ਅਧਿਕਾਰੀ, ਪਟਿਆਲਾ ਨੇ ਵਿਦਿਆਰਥੀਆਂ ਨਾਲ ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਇਲਾਜ ਅਤੇ ਰੋਕਥਾਮ ਲਈ ਸ਼ੁਰੂ ਕੀਤੀਆਂ ਸਿਹਤ-ਸਕੀਮਾਂ, ਯੋਜਨਾਵਾਂ ਅਤੇ ਰਿਲੀਫ਼ ਫੰਡ ਬਾਰੇ ਚਰਚਾ ਕਰਦਿਆਂ, 'ਮੁੱਖ ਮੰਤਰੀ ਰਿਲੀਫ਼ ਫ਼ਡ ਫ਼ਾਰ ਕੈਂਸਰ' ਬਾਰੇ ਵਿਸਥਾਰ-ਪੂਰਵਕ ਦੱਸਿਆ। ਡਾ. ਹਰਸ਼ ਮਲਹੋਤਰਾ, ਚੀਫ਼ ਸਰਜਨ, ਪਟਿਆਲਾ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਬਿਮਾਰੀਆਂ ਦੇ ਟਾਕਰੇ ਲਈ ਵਿਗਿਆਨਕ ਨਜ਼ਰੀਆ ਵਿਕਸਿਤ ਕਰਨ ਅਤੇ ਉੱਚ-ਆਦਰਸ਼ਾਂ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਡਾ. ਰਾਜੀਵ ਸ਼ਰਮਾ, ਮੁਖੀ, ਕਮਿਸਟਰੀ ਵਿਭਾਗ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਕੈਂਸਰ ਸਬੰਧੀ ਜਾਗਰੂਕਤਾ ਮੁਹਿੰਮ ਨੂੰ ਆਮ ਜਨਤਾ ਤੱਕ ਪਹੁੰਚਾਉਣ ਅਤੇ ਕੁਦਰਤੀ ਜੀਵਨ-ਪੱਧਤੀ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ 'ਤੇ 'ਵਿਸ਼ਵ-ਕੈਂਸਰ ਦਿਵਸ-2020' ਨੂੰ ਸਮਰਪਿਤ ਦੋ ਵਿਦਿਅਕ ਮੁਕਾਬਲਿਆਂ ਦਾ ਆਯੋਜਨ ਵੀ ਕੀਤਾ ਗਿਆ। ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚੋਂ ਮਿਸ ਲਵਪ੍ਰੀਤ ਕੌਰ (ਐਮ.ਐਸ.ਸੀ. ਕੈਮਿਸਟਰੀ, ਭਾਗ ਪਹਿਲਾ) ਨੇ ਪਹਿਲਾ ਸਥਾਨ ਅਤੇ ਮਿਸ ਕ੍ਰਿਤਿਕਾ (ਬੀ.ਐਸ.ਸੀ. ਮੈਡੀਕਲ ਭਾਗ ਦੂਜਾ) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 'ਸਲੋਗਨ ਰਾਈਟਿੰਗ' ਮੁਕਾਬਲੇ ਵਿੱਚੋਂ ਪਹਿਲਾ ਸਥਾਨ ਮਿਸ ਸੋਨੀਆ (ਬੀ.ਐਸ.ਸੀ. ਮੈਡੀਕਲ ਭਾਗ ਦੂਜਾ) ਅਤੇ ਦੂਜਾ ਸਥਾਨ ਅੰਕਿਤ (ਬੀ.ਐਸ.ਸੀ. ਮੈਡੀਕਲ ਭਾਗ ਦੂਜਾ) ਨੇ ਹਾਸਲ ਕੀਤਾ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਡਾ. ਗਗਨਪ੍ਰੀਤ ਕੌਰ ਨੇ ਬਾਖ਼ੂਬੀ ਨਿਭਾਈ।

ਪਟਿਆਲਾ ਬਾਣੀ

# ਕੈਂਸਰ ਤੋਂ ਡਰਨ ਦੀ ਨਹੀਂ, ਇਲਾਜ ਦੀ ਲੋੜ : ਸਿਵਲ ਸਰਜਨ



*ਸਲੋਗਨ ਲਿਖਣ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥਣ ਨੂੰ ਸਨਮਾਨਤ ਕਰਦੇ ਸਿਵਲ ਸਰਜਨ ਅਤੇ ਟੀਮ।*

ਪਟਿਆਲਾ, 4 ਫਰਵਰੀ (ਜ. ਬ., ਲਖਵਿੰਦਰ)-ਕੈਂਸਰ ਬੀਮਾਰੀ ਦੀ ਜਾਗਰੂਕਤਾ ਅਤੇ ਬਚਾਓ ਸਬੰਧੀ ਜ਼ਿਲਾ ਸਿਹਤ ਵਿਭਾਗ ਵੱਲੋ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਵਿਸ਼ਵ ਕੈਂਸਰ ਦਿਵਸ' ਮਨਾਇਆ ਗਿਆ, ਜਿਸ ਵਿਚ ਜ਼ਿਲਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ, ਜ਼ਿਲਾ ਨੋਡਲ ਅਫਸਰ ਕੈਂਸਰ ਪ੍ਰੋਗਰਾਮ ਡਾ. ਜਤਿੰਦਰ ਕਾਂਸਲ, ਸਹਾਇਕ ਸਿਹਤ ਅਫਸਰ ਡਾ. ਸੁਖਮਿੰਦਰ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਅੰਜਨਾ ਗੁਪਤਾ ਨੇ ਸ਼ਿਰਕਤ ਕੀਤੀ। ਸੈਮੀਨਾਰ ਦੇ ਸ਼ੁਰੂ ਵਿਚ ਪ੍ਰਿੰਸੀਪਲ ਡਾ. ਖੁਸ਼ਵਿੰਦਰ ਸਿੰਘ ਨੇ ਸਿਹਤ ਵਿਭਾਗ ਦੀ ਟੀਮ ਨੂੰ ਜੀ ਆਇਆਂ ਕਿਹਾ। ਵਿਦਿਆਰਥੀਆਂ ਨੂੰ ਇਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਸਿਵਲ ਸਰਜਨ ਨੇ ਕਿਹਾ ਕਿ ਇਹ ਦਿਵਸ ਮਨਾਉਣ ਦਾ ਮੁੱਖ ਮਕਸਦ ਲੋਕਾਂ ਵਿਚ ਕੈਂਸਰ ਦੇ ਪਾਏ ਜਾਂਦੇ ਡਰ ਨੂੰ ਦੂਰ ਕਰਨ ਲਈ ਕੈਂਸਰ ਦੇ ਲੱਛਣਾਂ ਬਾਰੇ ਜਾਣਕਾਰੀ ਦੇਣਾ ਹੈ ਤਾਂ ਜੋ ਮੁਢਲੀ ਸਟੇਜ 'ਤੇ ਹੀ ਇਸ ਦੀ ਜਾਂਚ ਕਰਵਾ ਕੇ ਇਲਾਜ ਸ਼ੁਰੂ ਕੀਤਾ ਜਾ ਸਕੇ। ਇਸ ਨੂੰ ਗੰਭੀਰ ਰੂਪ ਧਾਰਨ ਕਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਛਾਤੀ ਜਾਂ ਸਰੀਰ ਵਿਚ ਗਿਲਟੀਆਂ, ਮਾਹਵਾਰੀ ਦੌਰਾਨ ਬਹੁਤ ਜ਼ਿਆਦਾ ਖੂਨ ਪੈਣਾ, ਪੁਰਾਣੇ ਜ਼ਖਮਾਂ ਵਿਚੋਂ ਖੂਨ ਵਗਣਾ, ਫੋੜੇ-ਫਿਨਸੀਆਂ ਦਾ ਲੰਮੇ ਸਮੇਂ ਤੱਕ ਠੀਕ ਨਾ ਹੋਣਾ, ਭੋਜਨ ਨਿਗਲਣ ਵਿਚ ਥੋੜ੍ਹੇ ਸਮੇਂ ਤੋਂ ਰੁਕਾਵਟ ਹੋਣਾ ਆਦਿ ਕੈਂਸਰ ਰੋਗ ਦੇ ਲੱਛਣ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਤੰਬਾਕੂ ਪਦਾਰਥਾਂ, ਸ਼ਰਾਬ, ਨਸ਼ਿਆਂ, ਜ਼ਿਆਦਾ ਮਸਾਲੇਦਾਰ ਚੀਜ਼ਾਂ ਦੀ ਵਰਤੋ ਤੋਂ ਗੁਰੇਜ਼ ਕਰ ਕੇ ਅਤੇ ਸੰਤੁਲਤ ਭੋਜਨ, ਰੋਜ਼ਾਨਾ ਦੀ ਕਸਰਤ ਨਾਲ ਇਸ ਬੀਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ। ਨੋਡਲ ਅਫਸਰ ਡਾ. ਜਤਿੰਦਰ ਕਾਂਸਲ ਨੇ ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਡੇਢ ਲੱਖ ਰੁਪਏ ਤੱਕ ਦੇ ਮੁਫਤ ਇਲਾਜ ਲਈ ਚਲਾਈ ਮੁੱਖ ਮੰਤਰੀ ਕੈਂਸਰ ਰਾਹਤ ਯੋਜਨਾ, ਡਾ. ਸੁਖਮਿੰਦਰ ਸਿੰਘ ਵੱਲੋਂ ਤੰਬਾਕੂ ਪਦਾਰਥਾਂ ਦੇ ਸੇਵਨ ਨਾਲ ਹੋਣ ਵਾਲੇ ਕੈਂਸਰ ਅਤੇ ਡਾ. ਅੰਜਨਾ ਗੁਪਤਾ ਨੇ ਔਰਤਾਂ ਵਿਚ ਪਾਏ ਜਾਣ ਵਾਲੇ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲਾ ਤੰਬਾਕੂ ਸੈਨਸੇਸ਼ਨਲ ਸੈੱਲ ਮਾਤਾ ਕੌਸ਼ੱਲਿਆ ਹਸਪਤਾਲ ਵਿਚ ਇਲਾਜ ਕਰਵਾ ਕੇ ਤੰਬਾਕੂ ਦਾ ਨਸ਼ਾ ਛੱਡ ਚੁੱਕੇ ਹਰਪਾਲ ਸਿੰਘ ਅਤੇ ਗੁਰਦਿਆਲ ਸਿੰਘ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਵਿਚ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਵਾਈਸ-ਪ੍ਰਿੰਸੀਪਲ ਸ਼ਲਿੰਦਰਾ ਸਿੱਧੂ, ਡਾ. ਰਾਜੀਵ ਸ਼ਰਮਾ, ਡਾ. ਗਗਨਪ੍ਰੀਤ ਕੌਰ, ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ ਅਤੇ 200 ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਕੈਂਸਰ ਜਾਗਰੂਕਤਾ ਰੈਲੀ ਵੀ ਕੀਤੀ ਗਈ।

# AN INTERACTIVE SESSION ON 'BUDGET-2020' ORGANIZED CHIEF GUEST – DR BALWINDER

# ਮੋਦੀ ਕਾਲਜ ਵਿਖੇ 'ਬਜਟ-2020' 'ਤੇ ਵਿਸ਼ੇਸ਼ ਭਾਸ਼ਣ ਦਾ ਆਯੋਜਨ



ਪਟਿਆਲਾ, 6 ਫਰਵਰੀ (ਚ.ਨ.ਸ.): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਕਾਲਜ ਦੇ ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਇਸ ਸਾਲ ਦੇ ਕੇਂਦਰੀ ਬਜਟ 'ਤੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਖ਼ਾਸ ਭਾਸ਼ਣ 'ਬਜਟ-2020: ਇੱਕ ਚਰਚਾ' ਦਾ ਆਯੋਜਨ ਕੀਤਾ ਗਿਆ। ਇਸ ਦਾ ਉਦੇਸ਼ ਸਾਲ 2020 ਦੇ ਬਜਟ ਦੀਆਂ ਮੁੱਖ ਮੱਦਾਂ, ਵਿਭਿੰਨ ਪਹਿਲੂਆਂ ਅਤੇ ਵਿੱਤੀ ਨੀਤੀਆਂ ਦੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ। ਇਸ ਭਾਸ਼ਣ ਲਈ ਮੁੱਖ ਵਕਤਾ ਵੱਜੋਂ ਡਾ. ਬਲਵਿੰਦਰ ਸਿੰਘ ਟਿਵਾਣਾ, ਕੰਟਰੋਲਰ (ਪ੍ਰੀਖਿਆਵਾਂ) ਪ੍ਰੋਫੈਸਰ ਅਤੇ ਮੁਖੀ, ਅਰਥਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸੇ ਵੀ ਰਾਸ਼ਟਰ ਲਈ ਬਜਟ ਇੱਕ ਅਜਿਹੇ ਬਲਿਊ-ਪ੍ਰਿੰਟ ਦੀ ਤਰ੍ਹਾਂ ਹੈ ਜਿਸ ਦੇ ਆਧਾਰ 'ਤੇ ਉਸਦਾ ਸਰਵਪੱਖੀ ਵਿਕਾਸ ਤੇ ਆਰਥਿਕ ਤਰੱਕੀ ਸੰਭਵ ਹੋ ਸਕਦੀ ਹੈ। ਇਸ ਮੌਕੇ 'ਤੇ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਇਸ ਬਜਟ ਦੀ ਸਿਆਸੀ-ਆਰਥਿਕਤਾ ਦੇ ਸਿਧਾਂਤਕ ਪਹਿਲੂਆਂ ਅਤੇ ਨੀਤੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਇਸ ਬਜਟ ਵਿੱਚ ਆਮਦਨ ਵਧਾਉਣ ਦੀਆਂ ਨੀਤੀਆਂ, ਸਮਾਜਿਕ ਤੇ ਆਰਥਿਕ ਖਾਈਆਂ ਨੂੰ ਪੂਰਨ ਅਤੇ ਵੱਖ-ਵੱਖ ਵਰਗਾਂ ਦੀ ਆਰਥਿਕ ਭਲਾਈ ਦੇ ਮੱਦੇਨਜ਼ਰ ਕੁੱਝ ਵਿਸ਼ੇਸ਼ ਤਰਦੱਦ ਨਹੀਂ ਕੀਤਾ ਗਿਆ। ਉਹਨਾਂ ਨੇ ਇਸ ਬਜਟ ਦੇ ਭਾਰਤੀ ਆਰਥਿਕਤਾ 'ਤੇ ਪੈਣ ਵਾਲੇ ਤਤਕਾਲੀ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਵੀ ਚਰਚਾ ਕੀਤੀ। ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਜਗਦੀਪ ਕੌਰ, ਜੌਗਰਾਫ਼ੀ ਵਿਭਾਗ ਨੇ ਬਾਖ਼ੂਬੀ ਨਿਭਾਈ। ਧੰਨਵਾਦ ਦਾ ਮਤਾ ਪ੍ਰੋ. ਵੇਦ ਪ੍ਰਕਾਸ਼, ਡੀਨ, ਵਿਦਿਆਰਥੀ ਭਲਾਈ ਵੱਲੋਂ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।

ਰੋਜ਼ਾਨਾ ਸਪੋਕਸਮੈਨ

# ਮੁਲਤਾਨੀ ਮੱਲ ਮੋਦੀ ਕਾਲਜ 'ਚ 'ਬਜਟ-2020' 'ਤੇ ਭਾਸ਼ਣ



ਪਟਿਆਲਾ, 6 ਫ਼ਰਵਰੀ (ਸੁਧੀਰ ਪਾਹੂਜਾ) : ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਕਾਲਜ ਦੇ ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਇਸ ਸਾਲ ਦੇ ਕੇਂਦਰੀ ਬਜਟ ਤੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਖ਼ਾਸ ਭਾਸ਼ਣ 'ਬਜਟ-2020: ਇਕ ਚਰਚਾ' ਕਰਵਾਇਆ ਗਿਆ। ਇਸ ਦਾ ਉਦੇਸ਼ ਸਾਲ 2020 ਦੇ ਬਜਟ ਦੀਆਂ ਮੁੱਖ ਮੱਦਾ, ਵਿਭਿੰਨ ਪਹਿਲੂਆਂ ਅਤੇ ਵਿੱਤੀ ਨੀਤੀਆਂ ਦੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ। ਇਸ ਭਾਸ਼ਣ ਲਈ ਮੁੱਖ ਵਕਤਾ ਵਜੋਂ ਡਾ. ਬਲਵਿੰਦਰ ਸਿੰਘ ਟਿਵਾਣਾ, ਕੰਟਰੋਲਰ (ਪ੍ਰੀਖਿਆਵਾਂ) ਪ੍ਰੋਫੈਸਰ ਅਤੇ ਮੁਖੀ, ਅਰਥਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸੇ ਵੀ ਰਾਸ਼ਟਰ ਲਈ ਬਜਟ ਇੱਕ ਅਜਿਹੇ ਬਲਿਊ-ਪ੍ਰਿੰਟ ਦੀ ਤਰ੍ਹਾਂ ਹੈ, ਜਿਸ ਦੇ ਆਧਾਰ ਤੇ ਉਸਦਾ ਸਰਵਪੱਖੀ ਵਿਕਾਸ ਤੇ ਆਰਥਿਕ ਤਰੱਕੀ ਸੰਭਵ ਹੋ ਸਕਦੀ ਹੈ। ਇਸ ਮੌਕੇ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਇਸ ਬਜਟ ਦੀ ਸਿਆਸੀ-ਆਰਥਿਕਤਾ ਦੇ ਸਿਧਾਂਤਕ ਪਹਿਲੂਆਂ ਅਤੇ ਨੀਤੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਇਸ ਬਜਟ ਦੇ ਭਾਰਤੀ ਆਰਥਿਕਤਾ ਤੇ ਪੈਣ ਵਾਲੇ ਤਤਕਾਲੀ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਵੀ ਚਰਚਾ ਕੀਤੀ।

ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਵਿੱਤੀ ਘਾਟੇ ਨੂੰ ਸੰਬੋਧਿਤ ਹੋਣ ਲਈ ਮੰਗ ਵਧਾਉਣ ਦੀ ਜ਼ਰੂਰਤ, ਨਵੀਆਂ ਨੌਕਰੀਆਂ ਅਤੇ ਰੋਜ਼ਗਾਰ ਪੈਦਾ ਕਰਨ ਦੀ ਲੋੜ, ਦਿਹਾਤੀ ਖੇਤਰਾਂ ਵਿੱਚ ਖਰੀਦਣ-ਸ਼ਕਤੀ ਵਧਾਉਣ ਅਤੇ ਸਰਕਾਰੀ ਢਾਂਚਿਆਂ ਦੀ ਵਿੱਤੀ ਮਜ਼ਬੂਤੀ ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਸਵਾਲਾਂ-ਜਵਾਬਾਂ ਦਾ ਸੈਸ਼ਨ ਸ਼ੁਰੂ ਹੋਇਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਜਟ ਸਬੰਧੀ ਪਾਏ ਜਾਂਦੇ ਖਦਸ਼ਿਆਂ, ਸੰਭਾਵਨਾਵਾਂ ਅਤੇ ਨੀਤੀਆਂ ਸਬੰਧੀ ਸਵਾਲ ਉਠਾਏ। ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਜਗਦੀਪ ਕੌਰ, ਜੋਗਰਾਫ਼ੀ ਵਿਭਾਗ ਨੇ ਬਾਖੂਬੀ ਨਿਭਾਈ। ਧੰਨਵਾਦ ਦਾ ਮਤਾ ਪ੍ਰੋ. ਵੇਦ ਪ੍ਰਕਾਸ਼, ਡੀਨ, ਵਿਦਿਆਰਥੀ ਭਲਾਈ ਵੱਲੋਂ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ

ਪੰਜਾਬੀ ਜਾਗਰਣ ਜਲੰਧਰ 7 ਫਰਵਰੀ 2020

# ਮੋਦੀ ਕਾਲਜ 'ਚ ਬਜਟ ਬਾਰੇ ਹੋਈ ਚਰਚਾ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਾਲਜ ਦੇ ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਇਸ ਸਾਲ ਦੇ ਕੇਂਦਰੀ ਬਜਟ ਤੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਖ਼ਾਸ ਭਾਸ਼ਣ 'ਬਜਟ-2020: ਇੱਕ ਚਰਚਾ' ਦਾ ਆਯੋਜਨ ਕੀਤਾ ਗਿਆ। ਇਸ ਦਾ ਉਦੇਸ਼ ਸਾਲ 2020 ਦੇ ਬਜਟ ਦੀਆਂ ਮੁੱਖ ਮੱਦਾਂ, ਵਿਭਿੰਨ ਪਹਿਲੂਆਂ ਅਤੇ ਵਿੱਤੀ ਨੀਤੀਆਂ ਦੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ। ਇਸ ਭਾਸ਼ਣ ਲਈ ਮੁੱਖ ਬੁਲਾਰੇ ਵਜੋਂ ਪੰਜਾਬੀ ਯੂਨੀਵਰਸਿਟੀ ਕੰਟਰੋਲਰ ਪ੍ਰੀਖਿਆਵਾਂ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸੇ ਵੀ ਰਾਸ਼ਟਰ ਲਈ ਬਜਟ ਇੱਕ ਅਜਿਹੇ ਬਲਿਊ-ਪ੍ਰਿੰਟ ਦੀ ਤਰ੍ਹਾਂ ਹੈ। ਜਿਸ ਦੇ ਆਧਾਰ ਤੇ ਉਸਦਾ ਸਰਵਪੱਖੀ ਵਿਕਾਸ ਤੇ ਆਰਥਿਕ ਤਰੱਕੀ ਸੰਭਵ ਹੋ ਸਕਦੀ ਹੈ। ਇਸ ਮੌਕੇ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਇਸ ਬਜਟ ਦੀ ਸਿਆਸੀ-ਆਰਥਿਕਤਾ ਦੇ ਸਿਧਾਂਤਕ ਪਹਿਲੂਆਂ ਅਤੇ ਨੀਤੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਇਸ ਬਜਟ ਵਿੱਚ ਆਮਦਨ ਵਧਾਉਣ ਦੀਆਂ ਨੀਤੀਆਂ, ਸਮਾਜਿਕ ਤੇ ਆਰਥਿਕ ਖਾਈਆਂ ਨੂੰ ਪੂਰਨ ਅਤੇ ਵੱਖ-ਵੱਖ ਵਰਗਾਂ ਦੀ ਆਰਥਿਕ ਭਲਾਈ ਦੇ ਮੱਦੇਨਜ਼ਰ ਕੁੱਝ ਵਿਸ਼ੇਸ਼ ਤਰਦੱਦ ਨਹੀਂ ਕੀਤਾ ਗਿਆ। ਉਹਨਾਂ ਨੇ ਇਸ ਬਜਟ ਦੇ ਭਾਰਤੀ ਆਰਥਿਕਤਾ ਤੇ ਪੈਣ ਵਾਲੇ ਤਤਕਾਲੀ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਵੀ ਚਰਚਾ ਕੀਤੀ। ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਵਿੱਤੀ ਘਾਟੇ ਨੂੰ ਸੰਬੋਧਿਤ ਹੋਣ ਲਈ ਮੰਗ ਵਧਾਉਣ ਦੀ ਜ਼ਰੂਰਤ, ਨਵੀਆਂ ਨੌਕਰੀਆਂ ਅਤੇ ਰੋਜ਼ਗਾਰ ਪੈਦਾ ਕਰਨ ਦੀ ਲੋੜ੍ਹ, ਦਿਹਾਤੀ ਖੇਤਰਾਂ ਵਿੱਚ ਖਰੀਦਣ-ਸ਼ਕਤੀ ਵਧਾਉਣ ਅਤੇ ਸਰਕਾਰੀ ਢਾਂਚਿਆਂ ਦੀ ਵਿੱਤੀ ਮਜ਼ਬੂਤੀ ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਸਵਾਲਾਂ-ਜਵਾਬਾਂ ਦਾ ਸੈਸ਼ਨ ਸ਼ੁਰੂ ਹੋਇਆ। ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਜਟ ਸਬੰਧੀ ਪਾਏ ਜਾਂਦੇ ਖਦਸ਼ਿਆਂ, ਸੰਭਾਵਨਾਵਾਂ ਅਤੇ ਨੀਤੀਆਂ ਸਬੰਧੀ ਸਵਾਲ ਉਠਾਏ। ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਜਗਦੀਪ ਕੌਰ, ਜੋਗਰਾਫ਼ੀ ਵਿਭਾਗ ਨੇ ਬਾਖੂਬੀ ਨਿਭਾਈ। ਧੰਨਵਾਦ ਦਾ ਮਤਾ ਪ੍ਰੋ. ਵੇਦ ਪ੍ਰਕਾਸ਼, ਡੀਨ, ਵਿਦਿਆਰਥੀ ਭਲਾਈ ਵੱਲੋਂ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।



ਕੰਟਰੋਲਰ ਪ੍ਰੀਖਿਆਵਾਂ ਡਾ. ਬਲਵਿੰਦਰ ਸਿੰਘ ਟਿਵਾਣਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ।

# *COMMERCE FEST ORGANIZED*

ਰੋਜ਼ਾਨਾ ਸਪੋਕਸਮੈਨ

# ਮੁਲਤਾਨੀ ਮੱਲ ਮੋਦੀ ਕਾਲਜ 'ਚ ਕਾਮਰਸ ਫ਼ੈਸਟ



ਪਟਿਆਲਾ, 11 ਫ਼ਰਵਰੀ (ਸੁਧੀਰ ਪਾਹੂਜਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਪੋਸਟ-ਗ੍ਰੈਜੂਏਟ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਖੁਸ਼ਵਿੰਦਰ ਦੀ ਸੁਯੋਗ ਅਗਵਾਈ ਹੇਠ 'ਕਮਰਸ ਫੈਸਟ' ਕਰਵਾਇਆ ਗਿਆ।

ਪ੍ਰੋ. ਨੀਨਾ ਸਰੀਨ, ਡੀਨ ਕਮਰਸ ਵਿਭਾਗ ਨੇ ਪ੍ਰਿੰਸੀਪਲ ਸਾਹਿਬ ਦਾ ਰਸਮੀ ਸਵਾਗਤ ਕਰਦਿਆਂ, ਇਸ ਫੈਸਟ ਕਰਾਉਣ ਪਿੱਛੇ ਕਾਰਜਸ਼ੀਲ ਮੂਲ ਮੰਤਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਉਹਨਾਂ ਨੇ ਕਾਮਰਸ ਵਿਭਾਗ ਦੀਆਂ ਨਿਰੰਤਰ ਜਾਰੀ ਗਤਿਵਿਧੀਆਂ ਦੀ ਲੜੀ ਤਹਿਤ ਕੀਤੇ ਜਾ ਰਹੇ ਇਸ ਉੱਤਮ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਪ੍ਰੋਜੈਕਟ ਮੇਕਿੰਗ, ਲੇਖ ਲਿਖਣ, ਸਲੋਗਨ ਰਾਇਟਿੰਗ, ਪੋਸਟਰ ਮੇਕਿੰਗ, ਡਾਕੂਮੈਂਟਰੀ ਮੇਕਿੰਗ ਅਤੇ ਸਟੈਂਡ ਅੱਪ ਸੇਲਿੰਗ ਵਿੱਚ ਭਾਗ ਲਿਆ।

ਇਸ ਮੌਕੇ ਕਾਲਜ ਪ੍ਰਿੰਸੀਪਲ ਦੁਆਰਾ ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਨੀਨਾ ਸਰੀਨ, ਪ੍ਰੋ. ਪਰਮਿੰਦਰ ਕੌਰ ਅਤੇ ਡਾ. ਦੀਪਿਕਾ ਸਿੰਗਲਾ ਦੀ ਮੌਜੂਦਗੀ ਵਿੱਚ ਜੇਤੂਆਂ ਨੂੰ ਇਨਾਮ ਵੰਡੇ ਗਏ।

ਅਜੀਤ



ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼। ਅਜੀਤ ਤਸਵੀਰ

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਾਮਰਸ ਫੈਸਟ ਦੌਰਾਨ ਵਿੱਦਿਅਕ ਮੁਕਾਬਲੇ ਕਰਵਾਏ

ਪਟਿਆਲਾ, 11 ਫਰਵਰੀ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਪੋਸਟ-ਗ੍ਰੈਜੂਏਟ ਵਿਭਾਗ ਵਲੋਂ ਪ੍ਰਿੰਸੀਪਲ ਡਾ. ਖੁਸ਼ਵਿੰਦਰ ਦੀ ਸੁਯੋਗ ਅਗਵਾਈ ਹੇਠ 'ਕਮਰਸ ਫੈਸਟ' ਕਰਵਾਇਆ ਗਿਆ। ਪ੍ਰੋ. ਨੀਨਾ ਸਰੀਨ, ਡੀਨ ਕਮਰਸ ਵਿਭਾਗ ਨੇ ਪ੍ਰਿੰਸੀਪਲ ਦਾ ਰਸਮੀ ਸਵਾਗਤ ਕਰਦਿਆਂ, ਇਸ ਫੈਸਟ ਕਰਾਉਣ ਪਿੱਛੇ ਕਾਰਜਸ਼ੀਲ ਮੂਲ ਮੰਤਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਉਨ੍ਹਾਂ ਨੇ ਕਾਮਰਸ ਵਿਭਾਗ ਦੀਆਂ ਨਿਰੰਤਰ ਜਾਰੀ ਗਤੀਵਿਧੀਆਂ ਦੀ ਲੜੀ ਤਹਿਤ ਕੀਤੇ ਜਾ ਰਹੇ ਇਸ ਉੱਤਮ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਪ੍ਰੋਜੈਕਟ ਮੇਕਿੰਗ, ਲੇਖ ਲਿਖਣ, ਸਲੋਗਨ ਰਾਇਟਿੰਗ, ਪੋਸਟਰ ਮੇਕਿੰਗ, ਡਾਕੂਮੈਂਟਰੀ ਮੇਕਿੰਗ ਅਤੇ ਸਟੈਂਡ ਅੱਪ ਸੇਲਿੰਗ 'ਚ ਭਾਗ ਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਦੁਆਰਾ ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਨੀਨਾ ਸਰੀਨ, ਪ੍ਰੋ. ਪਰਮਿੰਦਰ ਕੌਰ ਅਤੇ ਡਾ. ਦੀਪਿਕਾ ਸਿੰਗਲਾ ਦੀ ਮੌਜੂਦਗੀ 'ਚ ਜੇਤੂਆਂ ਨੂੰ ਇਨਾਮ ਵੰਡੇ ਗਏ। ਵੱਖ-ਵੱਖ ਗਤੀਵਿਧੀਆਂ ਤਹਿਤ ਹੋਏ ਮੁਕਾਬਲਿਆਂ ਦੌਰਾਨ ਸਟੈਂਡ-ਅੱਪ ਸੇਲਿੰਗ ਵਿਚੋਂ ਪਹਿਲਾ ਸਥਾਨ, ਚੰਦ੍ਰਿਕਾ ਅਤੇ ਮਾਨਸੀ (ਬੀ.ਕਾਮ.-॥ ਆਨਰਜ਼) ਨੇ, ਦੂਜਾ ਸਥਾਨ ਮਹਿਕ ਅਤੇ ਨਿਸ਼ਾ ਨੇ ਅਤੇ ਤੀਜਾ ਸਥਾਨ ਹਰਨੂਰ ਅਤੇ ਗੁਰਨੀਤ ਨੇ ਪ੍ਰਾਪਤ ਕੀਤਾ। ਪੋਸਟਰ ਮੇਕਿੰਗ 'ਚ ਪਹਿਲਾ ਸਥਾਨ ਨੀਤੀਕਾ ਦੂਸਰਾ ਸਥਾਨ ਹਿਮਾਂਸ਼ੀ ਅਤੇ ਤੀਜਾ ਸਥਾਨ ਸਿਮਰਨਪ੍ਰੀਤ ਅਤੇ ਨੇ ਪ੍ਰਾਪਤ ਕੀਤਾ। ਸਲੋਗਨ ਰਾਇਟਿੰਗ ਮੁਕਾਬਲੇ ਵਿੱਚ ਪਹਿਲੇ ਸਥਾਨ ਉੱਤੇ ਅਨੁਰਾਧਾ ਅਤੇ ਦੂਜੇ ਸਥਾਨ ਉੱਤੇ ਈਸ਼ਾ ਖੁੱਲਰ ਰਹੀ। ਲੇਖ ਲਿਖਣ ਮੁਕਾਬਲੇ 'ਚ ਪਹਿਲੇ ਸਥਾਨ ਤੇ ਭਾਵਿਕਾ, ਦੂਜੇ ਸਥਾਨ ਤੇ ਇਸ਼ਿਤਾ ਗੁਪਤਾ ਅਤੇ ਤੀਜੇ ਸਥਾਨ 'ਤੇ ਅੰਕਿਤਾ ਰਾਣੀ ਰਹੀ। ਡਾਕੂਮੈਂਟਰੀ ਮੇਕਿੰਗ 'ਚ ਹਰਕੀਰਤ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਪਹਿਲਾ, ਹਰਸ਼ਫੁਲ, ਕੁਨਾਲ ਅਤੇ ਇਸ਼ਿਤਾ ਨੇ ਦੂਜਾ ਅਤੇ ਰਾਹੁਲ ਤੇ ਮੇਘਾ ਨੇ ਸਾਂਝੇ ਰੂਪ 'ਚ ਤੀਜਾ ਸਥਾਨ ਹਾਸਲ ਕੀਤਾ। ਪ੍ਰੋਜੈਕਟ ਮੁਕਾਬਲੇ 'ਚ ਮਾਨਸੀ ਸ਼ਰਮਾ, ਚਾਰੂ ਸ਼ਰਮਾ, ਪੂਜਾ ਅਤੇ ਯਸ਼ ਗਰਗ ਦੀ ਟੀਮ ਨੇ ਪਹਿਲਾ ਸਥਾਨ ਨੀਧੀ, ਦਿਸ਼ਾ ਅਤੇ ਯਸ਼ ਚਾਵਲਾ ਦੀ ਟੀਮ ਨੇ ਦੂਜਾ, ਇਸ਼ਿਤਾ, ਹਿਮਾਂਸ਼ੀ ਅਤੇ ਸਿਮਰਨਜੀਤ (ਬੀ.ਕਾਮ.-॥।) ਦੀ ਟੀਮ ਅਤੇ ਵਿਪੁਲ, ਮੋਹਿਤ ਕੁਮਾਰ, ਰਾਹੁਲ ਅਤੇ ਸਮਰਪਿਤ ਦੀ ਟੀਮ ਨੇ ਸਾਂਝੇ ਰੂਪ 'ਚ ਤੀਜਾ ਸਥਾਨ ਹਾਸਿਲ ਕੀਤਾ, ਜਦੋਂ ਕਿ ਇਸੇ ਸ਼੍ਰੇਣੀ ਵਿਚ ਸਕੀਨਾ, ਪਰਾਗ ਅਤੇ ਪ੍ਰਿਅੰਕਾ ਨੂੰ ਕੰਸੋਲੇਸ਼ਨ ਇਨਾਮ ਦਿੱਤਾ ਗਿਆ। ਇਸ ਮੌਕੇ ਸਟੇਜ ਸੰਚਾਲਨ ਦਾ ਕਾਰਜ ਸਾਂਝੇ ਰੂਪ 'ਚ ਐਮ.ਕਾਮ. ਦੇ ਵਿਦਿਆਰਥੀਆਂ ਗੁਲਵੀਰ, ਮਨਜੋਤ ਅਤੇ ਪ੍ਰਿਅੰਕਾ ਨੇ ਸੰਭਾਲਿਆ।

# EXPERT LECTURE ON 'SAHIT SIRJIN PRIKARIYA: SABHACHARAK SANDARB' TO MARK THE 'INTERNATIONAL MOTHER-TONGUE DAY'

ਅਜੀਤ

ਵੀਰਵਾਰ, 20 ਫਰਵਰੀ 2020

# ਮੋਦੀ ਕਾਲਜ ਵਿਖੇ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਭਾਸ਼ਨ

ਪਟਿਆਲਾ, 19 ਫਰਵਰੀ (ਗੁਰਵਿੰਦਰ ਸਿੰਘ ਔਲਖ)- ਮੁਲਤਾਨੀ ਮੱਲ ਮੋਦੀ ਕਾਲਜ, ਦੇ ਪੋਸਟ-ਗਰੈਜੂਏਟ ਪੰਜਾਬੀ ਵਿਭਾਗ ਵਲੋਂ, 'ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ' ਨੂੰ ਸਮਰਪਿਤ 'ਸਾਹਿਤ ਸਿਰਜਣ ਪ੍ਰਕਿਰਿਆ: ਸੱਭਿਆਚਾਰਕ ਸੰਦਰਭ' ਵਿਸ਼ੇ 'ਤੇ ਭਾਸ਼ਨ ਕਰਵਾਇਆ। ਇਸ ਮੌਕੇ ਮੁੱਖ ਵਕਤਾ ਵਜੋਂ ਪ੍ਰੋ. ਕਿਰਪਾਲ ਕਜ਼ਾਕ, ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ, ਸਥਾਪਿਤ ਕਥਾਕਾਰ ਅਤੇ ਸਾਬਕਾ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਮੁੱਖ ਵਕਤਾ ਦਾ ਸਵਾਗਤ ਕੀਤਾ। ਡਾ. ਗੁਰਦੀਪ ਸਿੰਘ ਸੰਧੂ ਮੁਖੀ ਪੰਜਾਬੀ ਵਿਭਾਗ ਨੇ ਇਸ ਮੌਕੇ 'ਤੇ ਮੁੱਖ ਵਕਤਾ ਨਾਲ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਪ੍ਰੋ. ਕਿਰਪਾਲ ਕਜ਼ਾਕ ਨੇ ਆਪਣੀ ਸਿਰਜਣ-ਪ੍ਰਕਿਰਿਆ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੁਆਰਾ ਸੰਪਾਦਿਤ ਕੀਤੇ ਜਾਂਦੇ 'ਨਾਗਮਣੀ' ਰਸਾਲੇ ਤੋਂ ਸ਼ੁਰੂ ਕੀਤੀ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਪ੍ਰੋ. ਕਜ਼ਾਕ ਨੇ ਕਿਹਾ ਕਿ ਸਿੱਖਣ ਅਤੇ ਸਿਰਜਣ ਦੀ ਪ੍ਰਕਿਰਿਆ ਨੂੰ ਵਿਸ਼ੇ-ਬੱਧ ਰੂਪ 'ਚ ਖਾਨਿਆਂ 'ਚ ਵੰਡ ਕੇ ਸਿੱਖਣਾ ਸੰਭਵ ਨਹੀਂ, ਸਗੋਂ ਅੰਤਰ-ਅਨੁਸ਼ਾਸਨੀ ਵਿਧੀ ਰਾਹੀਂ ਹੀ ਜ਼ਿੰਦਗੀ ਦਾ ਅਸਲ ਗਿਆਨ ਹਾਸਲ ਕੀਤਾ ਜਾ ਸਕਦਾ ਹੈ। ਇੱਕ ਵਿਸ਼ੇ ਤੱਕ ਸਿਮਟ ਹੋ ਕੇ ਪੜ੍ਹਨਾ ਮਿੱਟੀ ਵਿਚ ਮਿੱਟੀ ਬੀਜਣ ਸਾਮਾਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਆਪਣੀ ਸਿਰਜਣ-ਪ੍ਰਕਿਰਿਆ ਵਿਚ ਆਉਂਦੀਆਂ ਔਕੜਾਂ ਸਬੰਧੀ ਚਰਚਾ ਕਰਦਿਆਂ ਦੱਸਿਆ ਕਿ ਕੋਈ ਵੀ ਭਾਸ਼ਾ ਸਿਰਫ਼ ਸ਼ਬਦ ਜਾਂ ਵਿਆਕਰਨ ਨਹੀਂ ਹੁੰਦੀ, ਸਗੋਂ ਇਹ ਸੱਭਿਆਚਾਰਕ ਰਵਾਇਤਾਂ, ਰਸਮਾਂ-ਰਿਵਾਜਾਂ, ਗੀਤੀ-ਪ੍ਰਬੰਧ, ਮਿੱਥਾਂ, ਸਭਿਆਚਾਰਕ ਵਰਤਾਰਿਆਂ ਅਤੇ ਸਾਹਿਤਕ-ਕਿਰਤਾਂ ਦਾ ਜੋੜ-ਫਲ ਹੁੰਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿਚ ਮਾਨਵਤਾ-ਪੱਖੀ ਜਗਿਆਸੂ-ਦ੍ਰਿਸ਼ਟੀ ਵਿਕਸਿਤ ਕਰਨ ਦਾ ਸੱਦਾ ਦਿੰਦਿਆਂ ਉੱਚ-ਆਦਰਸ਼ਾਂ ਅਨੁਸਾਰ ਢਲਣ ਲਈ ਪ੍ਰੇਰਿਆ। ਇਸ ਭਾਸ਼ਨ ਤੋਂ ਬਾਅਦ ਸਵਾਲਾਂ-ਜਵਾਬਾਂ ਦੇ ਸੈਸ਼ਨ 'ਚ ਅਧਿਆਪਕਾਂ, ਵਿਦਿਆਰਥੀਆਂ ਨੇ ਪ੍ਰੋ. ਕਜ਼ਾਕ ਨਾਲ ਸਾਹਿਤ, ਸੱਭਿਆਚਾਰ ਤੇ ਭਾਸ਼ਾ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ 'ਤੇ ਸਟੇਜ ਪ੍ਰਬੰਧਨ ਦੀ ਜ਼ਿੰਮੇਵਾਰੀ ਡਾ. ਦਵਿੰਦਰ ਸਿੰਘ ਨੇ ਬਾਖ਼ੂਬੀ ਨਿਭਾਈ। ਧੰਨਵਾਦ ਦਾ ਮਤਾ ਡਾ. ਮਨਜੀਤ ਕੌਰ, ਪੰਜਾਬੀ ਵਿਭਾਗ ਨੇ ਅਦਾ ਕੀਤਾ। ਇਸ ਮੌਕੇ 'ਤੇ ਪ੍ਰੋ. ਸ਼ੈਲੇਂਦਰ ਸਿੱਧੂ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਅਤੇ ਸਮੂਹ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।




ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

CHANDIGARH Tribune
CHANDIGARH | THURSDAY | 20 FEBRUARY 2020

# Language is about culture: Prof Kazak



Prof Kirpal Kazak (black turban) at Multani Mal Modi College.

TRIBUNE NEWS SERVICE

PATIALA, FEBRUARY 19

The postgraduate Department of Punjabi, Multani Mal Modi College, Patiala, organised an expert lecture on 'Sahit Sirjin Prikariya: Sabhacharak Sandarb' (The process of creation of literature: The cultural context) to mark International Mother Language Day.

The lecture was delivered by Prof Kirpal Kazak, an eminent Punjabi writer, folklore researcher and Sahitya Akademi awardee.

Prof Kazak said a multidisciplinary approach to learning was the key to attaining wisdom. He said language was not only about words or alphabets, but about the cultural traditions, customs, rituals, myths, living folklore and literary creations. He motivated the students to be original in their thought process and to live their lives according to the higher ideals of humanity.

College Principal Dr Khushvinder Kumar said to create literature, ideas or any piece of art, a writer must confront with the socio-cultural conflicts and conditions. A writer is created through his/her constant friction and close encounters with life.

Dr Gurdeep Singh Sandhu, Head, Department of Punjabi, said Prof Kazak started his literary career with renowned Punjabi magazine, 'Nagmani', edited by late Amrita Pritam. He contributed many research-based books, papers and literary pieces to the Punjabi language.

# *DEPARTMENT OF COMMERCE ORGANIZED ALUMNI MEET*

ਰੋਜ਼ਾਨਾ ਸਪੋਕਸਮੈਨ

# ਕਾਮਰਸ ਵਿਭਾਗ ਨੇ ਕੀਤਾ ਅਲੂਮਨੀ ਮੀਟ ਦਾ ਆਯੋਜਨ



ਪਟਿਆਲਾ, 24 ਫ਼ਰਵਰੀ (ਸੁਧੀਰ ਪਾਹੂਜਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਪੋਸਟ ਗ੍ਰੈਜੂਏਟ ਕਮਰਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਸੁਯੋਗ ਅਗਵਾਈ ਹੇਠ ਮਿਤੀ 23 ਫਰਵਰੀ 2020 ਨੂੰ ਅਲੂਮਨੀ ਮੀਟ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਨਾਲ ਹੋਈ। ਇਸ ਉਪਰੰਤ ਪ੍ਰੋ. ਨੀਨਾ ਸਰੀਨ, ਡੀਨ, ਕਮਰਸ ਵਿਭਾਗ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਬੀਤੇ ਸਾਲਾਂ ਵਿਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਹੋਏ ਵਿਕਾਸ ਅਤੇ ਉਪਲਬਧੀਆਂ ਦੀ ਪ੍ਰਸੰਸ਼ਾ ਕਰਦਿਆਂ ਸੰਸਥਾ ਦੇ ਅਗਾਂਊ ਵਿਕਾਸ ਲਈ ਆਏ ਹੋਏ ਪ੍ਰਿੰਸੀਪਲ, ਡੀਨ, ਕਮਰਸ ਅਤੇ ਫੈਕਲਟੀ ਮੈਂਬਰਾਂ ਦੀ ਮੌਜੂਦਗੀ ਵਿੱਚ ਵਿਭਾਗ ਦੇ ਰਹਿ ਚੁੱਕੇ ਅਧਿਆਪਕ, ਪ੍ਰੋ. ਨਿਰਮਲ ਸਿੰਘ, ਪ੍ਰੋ. ਸ਼ਰਵਨ ਕੁਮਾਰ ਅਤੇ ਕਾਲਜ ਅਲੂਮਨੀ ਐਸੋਸੀਏਸ਼ਨ ਦੇ ਉਪ ਪ੍ਰਧਾਨ ਡਾ. ਬੀ.ਬੀ.ਸਿੰਗਲਾ ਦਾ ਸਨਮਾਣ ਕੀਤਾ ਗਿਆ। ਇਸ ਤੋਂ ਉਪਰੰਤ ਡਾ. ਬੀ.ਬੀ. ਸਿੰਗਲਾ ਦੁਆਰਾ ਮੰਚ ਸੰਚਾਲਣ ਕੀਤਾ ਗਿਆ ਜਿਨ੍ਹਾਂ ਨੇ ਆਏ ਹੋਏ ਮਹਿਮਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ।

ਪੰਜਾਬੀ ਜਾਗਰਣ ਜਲੰਧਰ 25 ਫਰਵਰੀ 2020



ਸਮਾਗਮ ਦੌਰਾਨ ਕਾਲਜ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ, ਸਟਾਫ਼ ਵਿਦਿਆਰਥੀ।

# ਮੋਦੀ ਕਾਲਜ 'ਚ ਕਰਵਾਈ ਐਲੂਮਨੀ ਮੀਟ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੇ ਪੋਸਟ ਗ੍ਰੈਜੂਏਟ ਕਮਰਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਅਗਵਾਈ ਹੇਠ ਅਲੂਮਨੀ ਮੀਟ ਕਰਵਾਈ ਗਈ। ਇਸ ਸਮਾਗਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਨਾਲ ਹੋਈ। ਇਸ ਉਪਰੰਤ ਪ੍ਰੋ. ਨੀਨਾ ਸਰੀਨ, ਡੀਨ, ਕਮਰਸ ਵਿਭਾਗ ਨੇ ਆਏ ਹੋਏ ਮਹਿਮਾਨਾਂ ਦਾ ਰਸਮੀਂ ਸਵਾਗਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਬੀਤੇ ਸਾਲਾਂ ਵਿਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਹੋਏ ਵਿਕਾਸ ਅਤੇ ਉਪਲਬਧੀਆਂ ਦੀ ਪ੍ਰਸੰਸ਼ਾ ਕਰਦਿਆਂ ਸੰਸਥਾ ਦੇ ਅਗਾਊਂ ਵਿਕਾਸ ਲਈ ਆਏ ਹੋਏ ਪ੍ਰਿੰਸੀਪਲ, ਡੀਨ, ਕਮਰਸ ਅਤੇ ਫੈਕਲਟੀ ਮੈਂਬਰਾਂ ਦੀ ਮੌਜੂਦਗੀ ਵਿਚ ਵਿਭਾਗ ਦੇ ਰਹਿ ਚੁੱਕੇ ਅਧਿਆਪਕ, ਪ੍ਰੋ. ਨਿਰਮਲ ਸਿੰਘ, ਪ੍ਰੋ. ਸ਼ਰਵਨ ਕੁਮਾਰ ਅਤੇ ਕਾਲਜ ਅਲੂਮਨੀ ਐਸੋਸੀਏਸ਼ਨ ਦੇ ਉਪ ਪ੍ਰਧਾਨ ਡਾ. ਬੀ.ਬੀ. ਸਿੰਗਲਾ ਦਾ ਸਨਮਾਨ੍ਹ ਕੀਤਾ ਗਿਆ। ਇਸ ਤੋਂ ਉਪਰੰਤ ਡਾ. ਬੀ.ਬੀ. ਸਿੰਗਲਾ ਦੁਆਰਾ ਮੰਚ ਸੰਚਾਲਣ ਕੀਤਾ ਗਿਆ ਜਿਨ੍ਹਾਂ ਨੇ ਆਏ ਹੋਏ ਮਹਿਮਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕਾਮਰਸ ਵਿਭਾਗ ਦੇ ਅਲੂਮਨੀਜ਼ ਦਾ ਵੀ ਸਨਮਾਨ ਕੀਤਾ ਗਿਆ। ਇਸ ਸਮੇਂ ਪ੍ਰੋ. ਹਬੀਬ ਅਤੇ ਉਨ੍ਹਾਂ ਦੇ ਸਹਾਇਕ ਸਾਥੀਆਂ ਦੁਆਰਾ ਸਭਿਆਚਾਰਕ ਪ੍ਰੋਗਰਾਮ ਵੀ ਕੀਤੇ ਗਏ। ਕਾਮਰਸ ਵਿਭਾਗ ਦੇ ਤੋਂ ਵੱਧ 100 ਅਲੂਮਨੀਜ਼ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਮੰਚ ਸੰਚਾਲਣ ਦਾ ਕਾਰਜ ਡਾ. ਦੀਪਿਕਾ ਸਿੰਗਲਾ ਦੁਆਰਾ ਬਾਖੂਬੀ ਨਿਭਾਇਆ ਗਿਆ।